# ਉਚਾਰਣ ਬੋਧ 'ਬੇਨਤੀ ਚੌਪਈ'

*(ਧੰਨਵਾਦ ਸਹਿਤ 'ਨਿਤਨੇਮ ਸਰਲ ਸਟੀਕ' ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ)*

ਨੋਟ ੧: ਵਿਸ਼ੇਸ਼ ਧੁਨੀ-ਪੰਜਾਬੀ ਦੇ ਅੱਖਰ ਸ ਦੀਆਂ ਦੋ ਧੁਨੀਆਂ ਹਨ। ਇੱਕ ਮੂਲ ਧੁਨੀ ਹੈ, ਪਰ ਦੂਜੀ 'ਵਿਸ਼ੇਸ਼ ਧੁਨੀ' ਨੂੰ ਦਰਸਾਉਣ ਲਈ ਅੱਜ-ਕੱਲ੍ਹ ਦੀ ਪੰਜਾਬੀ ਲਿੱਪੀ ਵਿਚ ਅੱਖਰ ਦੇ ਥੱਲੇ ਬਿੰਦੀ ਦੀ ਵਰਤੋਂ ਕੀਤੀ ਜਾਦੀ ਹੈ (ਸ਼)।
ਨੋਟ ੨: ਤੁਕਾਂ ਵਿਚ ਅਰਧ-ਬਿਸ੍ਰਾਮ ਲਈ ਚਿੰਨ੍ਹ ਕਉਮਾ ',' ਲਾਇਆ ਗਿਆ ਹੈ, ਪਰ ਜਿਹੜੀ ਤੁਕ ਵਿਚ ਅਰਥ-ਭਾਵ ਨੂੰ ਵਧੇਰੇ ਸਪਸ਼ਟ ਕਰਨ ਲਈ ਹੋਰ ਬਿਸ੍ਰਾਮ ਹੀ ਲੋੜ ਪਈ ਹੈ, ਓਥੇ ਚਿੰਨ੍ਹ ਸੈਮੀਕੋਲਨ ';' ਲਾਇਆ ਗਿਆ ਹੈ।

ੴ ਵਾਹਿਗੁਰੂ ਜੀ ਕੀ ਫ਼ਤਿਹ॥
ਪਾਃ ੧੦
(ਪਾ:-ਉਚਾਰਣ ਪਾਤਿਸ਼ਾਹੀ, ੧੦-ਉਚਾਰਣ ਦਸਵੀਂ।)
ਕਬਿਯੋ ਬਾਚ
(ਕਬਿਯੋ-ਉਚਾਰਣ ਕਬੀਓ।)
ਬੇਨਤੀ ॥
ਚੌਪਈ ॥

ਹਮਰੀ ਕਰੋ ਹਾਥ ਦੈ ਰੱਛਾ ॥
(ਦੈ-ਦੋਲਾਵਾਂ ਦਾ ਉਚਾਰਣ ਕਰਨਾ ਹੈ, ਲਾਂਵ ਦਾ ਨਹੀਂ।)
ਪੂਰਨ ਹੋਇ ਚਿਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥
ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥
(ਪ੍ਰਤਿਪਾਰਾ-'ਿ' ਦਾ ਉਚਾਰਣ 'ਤ' ਨਾਲ ਹੈ, 'ਪ੍ਰ' ਨਾਲ ਨਹੀਂ।)
ਹਮਰੇ ਦੁਸਟ ਸਭੈ ਤੁਮ ਘਾਵਹੁ ॥
(ਦੁਸਟ-'ਸ' ਉਚਾਰਣ ਵਿਸ਼ੇਸ਼ ਧੁਨੀ।)
ਆਪੁ ਹਾਥ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥
ਸੇਵਕ ਸਿੱਖ ਸਭੈ ਕਰਤਾਰਾ ॥੨॥
ਮੋ ਰੱਛਾ ਨਿਜ ਕਰ ਦੈ ਕਰਿਯੈ ॥

ਸਭ ਬੈਰਨ ਕੋ ਆਜ ਸੰਘਰਿਯੈ ॥
(ਸੰਘਰਿਯੈ-ਉਚਾਰਣ ਸੰਘੱਰੀਐ।)
ਪੂਰਨ ਹੋਇ ਹਮਾਰੀ ਆਸਾ ॥
ਤੋਰ ਭਜਨ ਕੀ ਰਹੈ ਪਿਆਸਾ ॥੩॥
ਤੁਮਹਿ ਛਾਡਿ ਕੋਈ ਅਵਰੁ ਨ ਧਿਯਾਊਂ ॥
(ਧਿਯਾਊਂ-ਉਚਾਰਣ ਧਿਆਊਂ।)
ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥
ਸੇਵਕ; ਸਿੱਖ ਹਮਾਰੇ ਤਾਰੀਅਹਿ ॥
(ਤਾਰੀਅਹਿ-ਅੰਤਲੇ ਸੑਰ ਦਾ ਉਚਾਰਨ ਨਾਸਕੀ।)
ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥
(ਮਾਰੀਅਹਿ- ਅੰਤਲੇ ਸੑਰ ਦਾ ਉਚਾਰਨ ਨਾਸਕੀ।)
ਆਪ ਹਾਥ ਦੈ ਮੁਝੈ ਉਬਰਿਯੈ ॥
(ਉਬਰਿਐ-ਉਚਾਰਣ ਉਬੱਰੀਐ।)
ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥
(ਨਿਵਰਯੈ-ਉਚਾਰਣ ਨਿਵੱਰੀਐ)
ਹੂਜੋ ਸਦਾ ਹਮਾਰੇ ਪੱਛਾ ॥
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥
(ਕਰਿਯਹੁ-ਉਚਾਰਣ ਕਰੀਅਹੁ।)
ਰਾਖਿ ਲੇਹੁ ਮੁਹਿ ਰਾਖਨਹਾਰੇ ॥
ਸਾਹਿਬ; ਸੰਤ ਸਹਾਇ; ਪਿਯਾਰੇ ॥
(ਪਿਯਾਰੇ-ਉਚਾਰਣ ਪਿਆਰੇ।)
ਦੀਨ ਬੰਧੁ; ਦੁਸਟਨ ਕੇ ਹੰਤਾ ॥
(ਦੁਸਟਨ-'ਸ' ਉਚਾਰਣ ਵਿਸ਼ੇਸ਼ ਧੁਨੀ।)
ਤੁਮ ਹੋ, ਪੁਰੀ ਚਤੁਰ ਦਸ ਕੰਤਾ ॥੬॥
(ਚਤੁਰ-ਦਸ - ਇਹ ਸਮਾਸੀ ਸ਼ਬਦ ਹੈ, ਉਚਾਰਣ ਇਕੱਠਾ।)
ਕਾਲ ਪਾਇ ਬ੍ਰਹਮਾ ਬਪੁ ਧਰਾ ॥
ਕਾਲ ਪਾਇ ਸਿਵ ਜੂ ਅਵਤਰਾ ॥
(ਸਿਵ-'ਸ' ਉਚਾਰਣ ਵਿਸ਼ੇਸ਼ ਧੁਨੀ।)
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥
(ਬਿਸਨ, ਪ੍ਰਕਾਸਾ-'ਸ' ਉਚਾਰਣ ਵਿਸ਼ੇਸ਼ ਧੁਨੀ।)

ਸਕਲ ਕਾਲ ਕਾ ਕੀਆ ਤਮਾਸਾ ॥੭॥
(ਤਮਾਸਾ–'ਸ' ਉਚਾਰਣ ਵਿਸ਼ੇਸ਼ ਧੁਨੀ।)
ਜਵਨ ਕਾਲ ਜੋਗੀ ਸਿਵ ਕੀਓ ॥
(ਸਿਵ–'ਸ' ਉਚਾਰਣ ਵਿਸ਼ੇਸ਼ ਧੁਨੀ।)
ਬੇਦ ਰਾਜ ਬ੍ਰਹਮਾ ਜੂ ਥੀਓ ॥
(ਬੇਦ-ਰਾਜ - ਸਮਾਸੀ ਸ਼ਬਦ ਹੈ, ਉਚਾਰਣ ਇਕੱਠਾ।)
ਜਵਨ ਕਾਲ ਸਭ ਲੋਕ ਸਵਾਰਾ ॥
ਨਮਸਕਾਰ ਹੈ ਤਾਹਿ ਹਮਾਰਾ ॥੮॥
(ਤਾਹਿ–ਉਚਾਰਣ ਨਾਸਕਿਤਾ ਬਿਨਾ।)
ਜਵਨ ਕਾਲ ਸਭ ਜਗਤ ਬਨਾਯੋ ॥
(ਬਨਾਯੋ–ਉਚਾਰਣ ਬਨਾਇਓ।)
ਦੇਵ; ਦੈਤ; ਜੱਛਨ ਉਪਜਾਯੋ ॥
(ਉਪਜਾਯੋ–ਉਚਾਰਣ ਉਪਜਾਇਓ, ਦੈਤ–'ਦੈ' ਉਚਾਰਣ ਨਾਸਕੀ।)
ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥੯॥
(ਸਮਝਿਯਹੁ–ਉਚਾਰਣ ਸਮਝੀਅਹੁ।)
ਨਮਸਕਾਰ ਤਿਸ ਹੀ ਕੋ ਹਮਾਰੀ ॥
ਸਕਲ ਪ੍ਰਜਾ ਜਿਨ ਆਪ ਸਵਾਰੀ ॥
(ਪ੍ਰਜਾ–ਦੁੱਤ ਅੱਖਰ 'ਰ' ਦਾ ਉਚਾਰਣ ਮੂਲ ਅੱਖਰ 'ਪ' ਨਾਲ ਮਿਲਵਾਂ ਭਾਵ ਪਰਜਾ ਨਹੀ।)
ਸਿਵਕਨ ਕੋ ਸਿਵ ਗੁਨ ਸੁਖ ਦੀਓ ॥
(ਸਿਵ–ਗੁਨ - ਸਮਾਸੀ ਸ਼ਬਦ ਹੈ, ਉਚਾਰਣ ਇਕੱਠਾ। ਇੱਥੇ ਸਿਵਕਨ ਦਾ ਅਰਥ 'ਸੇਵਕਾਂ ਨੂੰ' ਅਤੇ ਸਿਵ ਦਾ ਅਰਥ 'ਦੈਵੀ ਗੁਣ' ਹੈ।)
ਸਤ੍ਰੂਨ ਕੋ ਪਲ ਮੋ ਬਧ ਕੀਓ ॥੧੦॥
(ਸਤ੍ਰੂਨ–'ਤ੍ਰੂ' ਔਕੜ ਦੀ ਧੁਨੀ ਦਾ ਉਚਾਰਣ ਛੱਡਣਾ ਨਹੀਂ।)
ਘਟ ਘਟ ਕੇ ਅੰਤਰ ਕੀ ਜਾਨਤ ॥
ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ॥
(ਚੀਟੀ–'ਚੀ' ਨਾਸਕੀ ਉਚਾਰਣ ਅਸ਼ੁੱਧ ਹੈ।)

ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥
ਸੰਤਨ ਦੁਖ ਪਾਏ ਤੇ; ਦੁਖੀ ॥
ਸੁਖ ਪਾਏ ਸਾਧੁਨ ਕੇ ਸੁਖੀ ॥
ਏਕ ਏਕ ਕੀ ਪੀਰ ਪਛਾਨੈਂ ॥
ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥
ਜਬ ਉਦਕਰਖ ਕਰਾ ਕਰਤਾਰਾ ॥
ਪ੍ਰਜਾ ਧਰਤ ਤਬ ਦੇਹ ਅਪਾਰਾ ॥
(ਪ੍ਰਜਾ-ਦੁੱਤ ਅੱਖਰ 'ਰ' ਦਾ ਉਚਾਰਣ ਮੂਲ ਅੱਖਰ 'ਪ' ਨਾਲ ਮਿਲਵਾਂ, ਪਰਜਾ ਉਚਾਰਣ ਕਰਨਾ ਅਸ਼ੁੱਧ ਹੈ।)
ਜਬ ਆਕਰਖ ਕਰਤ ਹੋ ਕਬਹੂੰ ॥
ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
(ਦੇਹ-ਧਰ - ਸਮਾਸੀ ਸ਼ਬਦ, ਉਚਾਰਣ ਇਕੱਠਾ।)
ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
(ਸ੍ਰਿਸਟਿ-ਵਿਚਕਾਰਲਾ 'ਸ' ਉਚਾਰਣ ਵਿਸ਼ੇਸ਼ ਧੁਨੀ।)
ਆਪੁ ਆਪਨੀ ਬੂਝ ਉਚਾਰੈ ॥
ਤੁਮ ਸਭਹੀ ਤੇ ਰਹਤ ਨਿਰਾਲਮ ॥
ਜਾਨਤ ਬੇਦ ਭੇਦ ਅਰ ਆਲਮ ॥੧੪॥
ਨਿਰੰਕਾਰ; ਨ੍ਰਿਬਿਕਾਰ; ਨਿਰਲੰਭ ॥
(ਨ੍ਰਿਬਿਕਾਰ-ਮੁਢਲੀ 'ਿ' ਦਾ ਉਚਾਰਣ ਪੈਰ-ਚਿੰਨ੍ਹ ਅੱਖਰ 'ਰ' ਨਾਲ। ਨਿਰਬਿਕਾਰ ਪੜਨਾ ਅਸ਼ੁੱਧ ਹੈ।)
ਆਦਿ; ਅਨੀਲ; ਅਨਾਦਿ; ਅਸੰਭ ॥
ਤਾ ਕਾ ਮੂੜ੍ਹ ਉਚਾਰਤ ਭੇਦਾ ॥
(ਤਾ-(ਪੜਨਾਉਂ) ਉਚਾਰਣ ਨਾਸਿਕਤਾ ਬਿਨਾ।)
ਜਾ ਕੌ ਭੇਵ ਨ ਪਾਵਤ ਬੇਦਾ ॥੧੫॥
(ਜਾ-(ਪੜਨਾਉਂ) ਉਚਾਰਣ ਨਾਸਿਕਤਾ ਬਿਨਾ।)
ਤਾ ਕੌ ਕਰਿ ਪਾਹਨ ਅਨੁਮਾਨਤ ॥
(ਤਾ-ਉਚਾਰਣ ਨਾਸਿਕਤਾ ਬਿਨਾ। ਅਨੁਮਾਨਤ-'ਨੁ' ਔਂਕੜ ਛੱਡਣਾ ਨਹੀਂ।)
ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥
ਮਹਾਦੇਵ ਕੋ ਕਹਤ ਸਦਾ ਸਿਵ ॥
(ਸਦਾ-ਸਿਵ - ਸਮਾਸੀ ਸ਼ਬਦ, ਉਚਾਰਣ ਇਕੱਠਾ। ਸਿਵ-'ਸ' ਉਚਾਰਣ ਵਿਸ਼ੇਸ਼ ਧੁਨੀ।)

ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥
ਆਪੁ ਆਪਨੀ ਬੁਧਿ ਹੈ ਜੇਤੀ ॥
ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥
ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥
ਏਕੈ ਰੂਪ ਅਨੂਪ ਸਰੂਪਾ ॥
ਰੰਕ ਭਯੋ, ਰਾਵ; ਕਹੀ ਭੂਪਾ ॥
(ਭਯੋ-ਉਚਾਰਣ 'ਭਇਓ'। ਕਹੀ-'ਹੀ' ਉਚਾਰਣ ਨਾਸਕੀ।)
ਅੰਡਜ; ਜੇਰਜ; ਸੇਤਜ ਕੀਨੀ ॥
ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥
ਕਹੂੰ; ਫੂਲ ਰਾਜਾ ਹ੍ਵੈ ਬੈਠਾ ॥
(ਫੂਲ-ਰਾਜਾ - ਸਮਾਸੀ ਸ਼ਬਦ, ਉਚਾਰਣ ਇਕੱਠਾ।ਹ੍ਵੈ-ਉਚਾਰਣ ਹੁਐ।)
ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥
(ਭਿਯੋ-ਓਚਾਰਣ ਭਇਓ। ਸੰਕਰ-'ਸ' ਉਚਾਰਣ ਵਿਸ਼ੇਸ਼ ਧੁਨੀ।)
ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥
ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥
(ਸੁਯੰਭਵ-ਉਚਾਰਣ ਸੁਅੰਭਵ।)
ਅਬ ਰੱਛਾ ਮੇਰੀ ਤੁਮ ਕਰੋ ॥
ਸਿੱਖ ਉਬਾਰਿ ਅਸਿੱਖ ਸੰਘਰੋ ॥
(ਸੰਘਰੋ-ਉਚਾਰਣ ਸੰ-ਘਰੋ।)
ਦੁਸਟ ਜਿਤੇ ਉਠਵਤ ਉਤਪਾਤਾ ॥
(ਦੁਸਟ-'ਸ' ਉਚਾਰਣ ਵਿਸ਼ੇਸ਼ ਧੁਨੀ।)
ਸਕਲ ਮਲੇਛ ਕਰੋ ਰਣ ਘਾਤਾ ॥20॥
ਜੇ; ਅਸਿਧੁਜ! ਤਵ ਸਰਨੀ ਪਰੇ ॥
ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥
(ਦੁਸਟ-'ਸ' ਉਚਾਰਣ ਵਿਸ਼ੇਸ਼ ਧੁਨੀ। ਦੁਖਿਤ-'ਖਿ' ਸਿਹਾਰੀ ਦਾ ਉਚਾਰਣ ਛੱਡਣਾ ਨਹੀਂ।
ਹ੍ਵੈ-ਉਚਾਰਣ ਹੁਐ।)
ਪੁਰਖ ਜਵਨ ਪਗ ਪਰੇ ਤਿਹਾਰੇ ॥
ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥
ਜੋ ਕਲਿ ਕੋ ਇਕ ਬਾਰ ਧਿਐ ਹੈ ॥

ਤਾ ਕੇ ਕਾਲ ਨਿਕਟਿ ਨਹਿ ਐ ਹੈ ॥
ਰੱਛਾ ਹੋਇ ਤਾਹਿ ਸਭ ਕਾਲਾ ॥
(ਤਾਹਿ-(ਪੜਨਾਉਂ) ਉਚਾਰਣ ਨਾਸਿਕਤਾ ਬਿਨਾ।)
ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥
(ਦੁਸਟ, ਅਰਿਸਟ-'ਸ' ਉਚਾਰਣ ਵਿਸ਼ੇਸ਼ ਧੁਨੀ।)
ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥
(ਕ੍ਰਿਪਾ-ਸਿਹਾਰੀ ਸਹਿਤ ਪੈਰ 'ਰ' ਦਾ ਉਚਾਰਣ 'ਕ' ਦੀ ਧੁਨੀ ਨਾਲ ਮਿਲਵਾਂ।
ਦ੍ਰਿਸਟਿ-'ਸ' ਉਚਾਰਣ ਵਿਸ਼ੇਸ਼ ਧੁਨੀ। ਨਿਹਰਿਹੋ-ਨਿਹਾਰਿਹੋ ਦਾ ਸੰਖਿਪਤ ਰੂਪ।
ਜਾਹਿ-ਉਚਾਰਣ ਨਾਸਿਕਤਾ ਬਿਨਾ।)
ਤਾ ਕੇ ਤਾਪ ਤਨਕ ਮੋ ਹਰਿਹੋ ॥
(ਤਾ-(ਪੜਨਾਉਂ) ਉਚਾਰਣ ਨਾਸਿਕਤਾ ਬਿਨਾ।)
ਰਿੱਧਿ ਸਿੱਧਿ ਘਰ ਮੋ ਸਭ ਹੋਈ ॥
ਦੁਸਟ ਛਾਹ ਛ੍ਵੈ ਸਕੈ ਨ ਕੋਈ ॥੨੩॥
(ਦੁਸਟ-'ਸ' ਉਚਾਰਣ ਵਿਸ਼ੇਸ਼ ਧੁਨੀ। ਛ੍ਵੈ-ਉਚਾਰਣ ਛੁਐ।)
ਏਕ ਬਾਰ ਜਿਨ ਤੁਮੈ ਸੰਭਾਰਾ ॥
ਕਾਲ ਫਾਸ ਤੇ ਤਾਹਿ ਉਬਾਰਾ ॥
(ਤਾਹਿ-ਉਚਾਰਣ ਨਾਸਿਕਤਾ ਬਿਨਾ।)
ਜਿਨ ਨਰ ਨਾਮ ਤਿਹਾਰੋ ਕਹਾ ॥
ਦਾਰਿਦ ਦੁਸਟ ਦੋਖ ਤੇ ਰਹਾ ॥੨੪॥
(ਦੁਸਟ-'ਸ' ਉਚਾਰਣ ਵਿਸ਼ੇਸ਼ ਧੁਨੀ।)
ਖੜਗ ਕੇਤ; ਮੈ ਸਰਣਿ ਤਿਹਾਰੀ ॥
(ਖੜਗ-ਕੇਤ - ਸਮਾਸੀ ਸ਼ਬਦ, ਉਚਾਰਣ ਇਕੱਠਾ।)
ਆਪ ਹਾਥ ਦੈ ਲੇਹੁ ਉਬਾਰੀ ॥
(ਦੈ-ਦੁਲਾਵਾਂ ਦਾ ਉਚਾਰਣ ਕਰਨਾ ਹੈ, ਲਾਂਵ ਦਾ ਨਹੀਂ।)
ਸਰਬ ਠੌਰ ਮੋ ਹੋਹੁ ਸਹਾਈ ॥
ਦੁਸਟ ਦੋਖ ਤੇ ਲੇਹੁ ਬਚਾਈ ॥੨੫॥
(ਦੁਸਟ-'ਸ' ਉਚਾਰਣ ਵਿਸ਼ੇਸ਼ ਧੁਨੀ।)